# ਸਰਵ ਸਿੱਖਿਆ ਅਭਿਆਨ ਅਥਾਰਟੀ ,ਪੰਜਾਬ

## ਐਸ.ਸੀ.ਓ 104-106 ਦੂਜੀ ਤੇ ਤੀਜੀ ਮੰਜ਼ਿਲ ਸੈਕਟਰ 34-ਏ, ਚੰਡੀਗੜ੍ਹ

ਫੋਨ ਨੰ: 0172-2623207, 2663104

ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਸਰਵ ਸਿੱਖਿਆ ਅਭਿਆਨ ਅਧੀਨ ਈ.ਟੀ.ਟੀ ਅਧਿਆਪਕਾਂ ਦੀਆਂ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਭਰਨ ਲਈ ਆਨ-ਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ :-

1. **ਅਸਾਮੀ ਦਾ ਨਾਮ** **ਈ.ਟੀ.ਟੀ. ਅਧਿਆਪਕ**
2. **ਅਸਾਮੀਆਂ ਦੀ ਗਿਣਤੀ** 1273 (**ਜ਼ਿਲਾਵਾਰ ਵੇਰਵਾ ਵੈਬਸਾਈਟ** **http:\\ett.ssapunjab.org** **ਤੇ ਉਪਲਭਦ ਹੈ**)
3. **ਮਾਸਿਕ ਬੱਝਵੀਂ ਤਨਖਾਹ** 15,500/ - **ਰੁ:**

4. **ਵਿਦਿਅਕ ਯੋਗਤਾ :**

i) ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਮਾਨਤਾ ਪ੍ਰਾਪਤ ਬੋਰਡ/ਸੰਸਥਾ ਤੋਂ 10+2 ਪਾਸ ਕੀਤੀ ਹੋਵੇ (ਜਨਰਲ ਕੈਟੇਗਰੀ ਦੇ ਕੇਸ ਵਿੱਚ ਘੱਟੋ ਘੱਟ 50% ਅੰਕਾਂ ਨਾਲ ਅਤੇ ਅ.ਜਾਤੀ/ਅ.ਜਨ ਜਾਤੀਆਂ ਦੇ ਕੇਸ ਵਿੱਚ 45% ਅੰਕਾਂ ਨਾਲ)

ii) ਉਮੀਦਵਾਰ ਨੇ ਪੰਜਾਬ ਸਰਕਾਰ ਦੀ ਮਾਨਤਾ ਪ੍ਰਾਪਤ ਸੰਸਥਾ ਜਾਂ ਕਿਸੇ ਹੋਰ ਰਾਜ/ਕੇਂਦਰੀ ਸ਼ਾਸਤ ਪ੍ਰਦੇਸ਼ ਦੀ ਮਾਨਤਾ ਪ੍ਰਾਪਤ ਸੰਸਥਾ (ਜਿਸਨੂੰ ਪੰਜਾਬ ਸਰਕਾਰ ਵੱਲੋਂ ਬਰਾਬਰ ਦਾ ਦਰਜਾ ਦਿੱਤਾ ਗਿਆ ਹੋਵੇ ਅਤੇ ਮਾਨਤਾ ਦਿੱਤੀ ਹੋਵੇ) ਤੋਂ ਦੋ ਸਾਲ ਦਾ ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ ਕੋਰਸ ਪਾਸ ਕੀਤਾ ਹੋਵੇ।

iii) ਉਮੀਦਵਾਰ ਨੇ ਪੰਜਾਬ ਸਰਕਾਰ ਦਾ ਅਧਿਆਪਕ ਯੋਗਤਾ ਟੈਸਟ (PSTET) ਪਾਸ ਕੀਤਾ ਹੋਵੇ।

v) **ਉਮੀਦਵਾਰ ਨੇ ਦਸਵੀਂ ਪੱਧਰ ਦਾ ਪੰਜਾਬੀ ਇਮਤਿਹਾਨ ਪਾਸ ਕੀਤਾ ਹੋਵੇ।**

5. **ਸ਼ਰਤਾ :**

i) ਉਮੀਦਵਾਰ ਦੀਆ ਸਿਰਫ ਉਹੀ ਯੋਗਤਾਵਾਂ ਵਿਚਾਰੀਆ ਜਾਣਗੀਆ ਜਿਹਨਾਂ ਦਾ ਨਤੀਜਾ ਵਿਗਿਆਪਨ ਦੀ ਮਿਤੀ ਤੱਕ ਆ ਚੁੱਕਿਆ ਹੋਵੇ ।

ii) ਉਮੀਦਵਾਰ ਪੰਜਾਬ ਰਾਜ ਜਾਂ ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦਾ ਪੱਕਾ ਵਸਨੀਕ (Domicile) ਹੋਵੇ।

iii) ਉਮੀਦਵਾਰ ਦੀ ਉਮਰ ਵਿਗਿਆਪਨ ਦੀ ਮਿਤੀ ਨੂੰ 18-37 ਸਾਲ ਵਿਚਕਾਰ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਉਮਰ ਵਿੱਚ ਛੋਟ ਦਿੱਤੀ ਜਾਵੇਗੀ।

6. **ਨੋਟ :**

i) ਸਾਰੀਆਂ ਅਸਾਮੀਆਂ ਮੁਢਲੇ ਤੌਰ ਤੇ ਚਾਲੂ ਵਿਤੀ ਸਾਲ ਲਈ ਕੰਟਰੈਕਟ ਬੇਸਿਜ਼ ਤੇ ਭਰੀਆਂ ਜਾਣੀਆਂ ਹਨ।ਕਾਰ-ਗੁਜ਼ਾਰੀ ਅਤੇ ਪ੍ਰਾਪਤੀਆਂ ਦੇ ਆਧਾਰ ਤੇ ਕੰਟਰੈਕਟ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਬਸ਼ਰਤੇ ਕਿ ਭਾਰਤ ਸਰਕਾਰ ਵੱਲੋਂ ਇਨ੍ਹਾਂ ਅਸਾਮੀਆਂ ਨੂੰ ਚਾਲੂ ਰੱਖਣ ਦੀ ਮਨਜ਼ੂਰੀ ਮਿਲੀ ਹੋਵੇ ।

ii) ਰਾਖਵਾਂਕਰਣ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗਾ।

iii) ਐਸ.ਸੀ./ਬੀ.ਸੀ./ਐਸ.ਟੀ. ਸਰਟੀਫਿਕੇਟ ਪੰਜਾਬ ਸਰਕਾਰ (ਭਲਾਈ ਵਿਭਾਗ) ਦੀਆਂ ਹਦਾਇਤਾਂ ਅਨੁਸਾਰ ਹੋਣੇ ਚਾਹੀਦੇ ਹਨ ਅਤੇ ਐਕਸ ਸਰਵਿਸਮੈਨ ਦੇ ਸਰਟੀਫਿਕੇਟ ਸੰਬੰਧਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹੋਣੇ ਚਾਹੀਦੇ ਹਨ। ਜਿਨ੍ਹਾਂ ਉਮੀਦਵਾਰਾਂ ਨੇ ਸਪੋਰਟਸ ਕੈਟੇਗਰੀ ਵਿੱਚ ਅਪਲਾਈ ਕਰਨਾ ਹੈ ਉਨ੍ਹਾਂ ਲਈ ਇਹ ਲਾਜ਼ਮੀ ਹੋਵੇਗਾ ਕਿ ਅਪਲਾਈ ਕਰਨ ਤੋਂ ਪਹਿਲਾਂ ਉਨ੍ਹਾਂ ਕੋਲ ਸਪੋਰਟਸ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਗਰੇਡੇਸ਼ਨ ਸਰਟੀਫਿਕੇਟ ਹੋਵੇ।ਹੈਡੀਕੈਪਡ ਉਮੀਦਵਾਰਾਂ ਲਈ ਸਰਕਾਰੀ ਮੈਡੀਕਲ ਅਫਸਰ/ਸਿਵਲ ਸਰਜਨ ਵਲੋ ਜਾਰੀ ਕੀਤਾ Disability Certificate ਲਾਜਮੀ ਹੋਵੇਗਾ।

iv) ਅਸਾਮੀਆਂ ਦੀ ਗਿਣਤੀ ਘੱਟ/ਵੱਧ ਸਕਦੀ ਹੈ।

v) ਵੇਟਿੰਗ ਲਿਸਟ ਵਿਗਿਆਪਨ ਦੀ ਮਿਤੀ ਤੋਂ ਇੱਕ ਸਾਲ ਲਈ ਵੈਲਿਡ ਹੋਵੇਗੀ।

7. **ਫੀਸ :** ਉਮੀਦਵਾਰ 500/- ਰੁ: ( ਅਨੁਸੂਚਿਤ ਜਾਤੀਆਂ ਦੇ ਕੇਸ ਵਿੱਚ 250/- ਰੁ: ) ਦਾ ਨਾਨ-ਰਿਫੰਡੇਬਲ ਬੈਂਕ ਡਰਾਫਟ ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਨਾਮ ਤਿਆਰ ਕਰਵਾ ਕੇ, ਜਿਹੜਾ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, ਇਸ ਦਾ ਵੇਰਵਾ ਆਨ-ਲਾਈਨ ਅਪਲਾਈ ਕਰਨ ਵੇਲੇ ਬਿਨੈ-ਪੱਤਰ ਵਿੱਚ ਦਰਜ ਕਰਨਗੇ ਅਤੇ ਇਹ ਡਰਾਫਟ ਕਾਊਂਸਲਿੰਗ ਸਮੇਂ ਨਾਲ ਲੈਕੇ ਆਉਣਗੇ। ਨਿਰਧਾਰਤ ਫੀਸ ਤੋਂ ਬਿਨਾਂ ਬਿਨੈ-ਪੱਤਰ ਤੇ ਵਿਚਾਰ ਨਹੀਂ ਕੀਤੀ ਜਾਵੇਗੀ ਅਤੇ ਉਮੀਦਵਾਰ ਨੂੰ ਕਾਊਂਸਲਿੰਗ ਵਿੱਚ ਹਾਜਰ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

8. **ਅਪਲਾਈ ਕਰਨ ਦੀ ਵਿਧੀ:**

i) ਅਰਜ਼ੀਆਂ ਮਿਤੀ 13.10.2011 ਤੋਂ 24.10.2011 ਤੱਕ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਆਪਣੀ ਵੈਬਸਾਈਟ **http:\\ett.ssapunjab.org** ਤੇ ਕੇਵਲ ਆਨ-ਲਾਈਨ ਪ੍ਰਾਪਤ ਕੀਤੀਆਂ ਜਾਣਗੀਆਂ ।

ii) ਆਨ ਲਾਈਨ ਅਪਲਾਈ ਕਰਨ ਤੋਂ ਪਹਿਲਾਂ ਉਮੀਦਵਾਰਾਂ ਕੋਲ 500/- ਰੁ: (ਅਨੁਸੂਚਿਤ ਜਾਤੀਆਂ ਦੇ ਕੇਸ ਵਿੱਚ 250/- ਰੁ:) ਦਾ ਨਾਨ-ਰਿਫੰਡੇਬਲ ਬੈਂਕ ਡਰਾਫਟ ਜੋ ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਨਾਮ ਹੋਵੇ ਅਤੇ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, ਤਿਆਰ ਹੋਣ ਚਾਹੀਦਾ ਹੈ ਕਿਉਂਕਿ ਉਸ ਦਾ ਵੇਰਵਾ ਆਨ-ਲਾਈਨ ਅਪਲਾਈ ਕਰਨ ਸਮੇਂ ਬਿਨੈ - ਪੱਤਰ ਵਿੱਚ ਦਰਜ ਕੀਤਾ ਜਾਣਾ ਹੈ।

iii) **ਵਿਭਾਗ ਦੀ ਵੈਬਸਾਈਟ http:\\ett.ssapunjab.org ਤੇ** ਆਨ-ਲਾਈਨ ਫਾਰਮ ਭਰਨ ਲਈ ਲਿੰਕ ਤੇ ਕਲਿੱਕ ਕੀਤਾ ਜਾਵੇ।

iv) ਜੇਕਰ ਕਿਸੇ ਉਮੀਦਵਾਰ ਤੋਂ ਆਨ-ਲਾਈਨ ਅਰਜ਼ੀ ਭਰਦੇ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਹ ਇਸਨੂੰ ਮਿਤੀ 24.10.2011 ਤੱਕ ਆਨ-ਲਾਈਨ ਹੀ ਆਪਣਾ ਰਜਿਸਟਰੇਸ਼ਨ ਨੰਬਰ ਅਤੇ ਪਾਸਵਰਡ ਐਂਟਰ ਕਰਕੇ ਲੋੜੀਂਦੀ ਦਰੁਸਤੀ ਕਰ ਸਕਦਾ ਹੈ। ਇਸ ਤੋ ਬਾਅਦ ਕਿਸੇ ਵੀ ਕਿਸਮ ਦੀ ਸੋਧ ਬਾਰੇ ਵਿਚਾਰ ਨਹੀ ਕੀਤੀ ਜਾਵੇਗੀ ।

v) ਆਨ-ਲਾਈਨ ਬਿਨੈ-ਪੱਤਰ ਭਰਨ ਤੋਂ ਬਾਅਦ ਰਜਿਸਟਰੇਸ਼ਨ ਫਾਰਮ ਉਤਪੰਨ ਹੋ ਜਾਵੇਗਾ ਇਸ ਦਾ ਪ੍ਰਿੰਟ ਆਊਟ (ਦੋ ਕਾਪੀਆਂ ) ਲੈ ਲਿਆ ਜਾਵੇ।ਇੱਕ ਕਾਪੀ ਕਾਊਂਸਲਿੰਗ ਦੌਰਾਨ ਲਿਆਉਣਾ ਲਾਜਮੀ ਹੋਵੇਗਾ।

vi) ਕੇਵਲ ਆਨ-ਲਾਈਨ ਦਰਖਾਸਤਾਂ ਤੇ ਹੀ ਵਿਚਾਰ ਕੀਤੀ ਜਾਵੇਗੀ।ਫਾਰਮ ਵਿੱਚ ਦਰਜ ਰਜਿਸਟਰੇਸ਼ਨ ਨੰਬਰ, ਉਮੀਦਵਾਰ ਦਾ ਨਾਮ ਅਤੇ ਉਸ ਦੇ ਪਿਤਾ ਦਾ ਨਾਮ ਬੈਂਕ ਡਰਾਫਟ ਦੇ ਪਿਛਲੇ ਪਾਸੇ ਲਿਖਿਆ ਜਾਵੇ।

vii) ਡੈਟਾ ਸੁਰੱਖਿਆ ਦੇ ਪੱਖ ਤੋਂ ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣਾ ਪਾਸਵਰਡ ਕਿਸੇ ਨੂੰ ਨਾ ਦੱਸਣ।

viii) ਆਨ ਲਾਈਨ ਬਿਨੈ-ਪੱਤਰ ਭਰਨ ਸੰਬੰਧੀ ਕਿਸੇ ਵੀ ਸਪਸ਼ਟੀਕਰਣ ਲਈ ਉਮੀਦਵਾਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ **ਹੈਲਪਲਾਈਨ ਨੰ:** 0172-6541673 ਤੇ ਕਿਸੇ ਵੀ ਕੰਮ ਵਾਲੇ ਦਿਨ 9.00 ਤੋਂ 5.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ix) **ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਰੈਗੂਲਰ ਅਪਡੇਟ ਲਈ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਦੀ ਵੈਬਸਾਈਟ http:\\ett.ssapunjab.org ਨਾਲ ਨਿਯਮਿਤ ਤੌਰ ਤੇ ਸੰਪਰਕ ਬਣਾਈ ਰੱਖਣ ।**

9. **ਚੋਣ ਦੀ ਵਿਧੀ:** ਚੋਣ ਨਿਰੋਲ ਮੈਰਿਟ ਦੇ ਆਧਾਰ ਤੇ ਹੋਵੇਗੀ ਜਿਹੜੀ ਕਿ ਨਿਮਨਲਿਖਤ ਫਾਰਮੂਲੇ ਅਨੁਸਾਰ ਤਿਆਰ ਕੀਤੀ ਜਾਵੇਗੀ :-

| | |
|---|---|
| 10+2 ਲਈ weightage | = 25% |
| ਈ.ਟੀ.ਟੀ ਲਈ weightage | = 25% |
| ਪੰਜਾਬ ਸਟੇਟ ਅਧਿਆਪਕ ਯੋਗਤਾ ਟੈਸਟ(PSTET) ਲਈ weightage | = 30% |
| ਉਚੇਰੀ ਯੋਗਤਾ ਲਈ weightage | = 20% |

10. **ਕਾਊਂਸਲਿੰਗ ਦੀਆਂ ਮਿਤੀਆਂ :**

i) ਉਮੀਦਵਾਰਾਂ ਲਈ ਕਾਊਂਸਲਿੰਗ ਸ਼ੈਡਿਊਲ ਵਿਭਾਗ ਦੀ ਵੈਬਸਾਈਟ ਤੇ ਮਿਤੀ 31.10.2011 ਨੂੰ ਪਾ ਦਿੱਤਾ ਜਾਵੇਗਾ।

ii) **ਕਾਊਂਸਲਿੰਗ ਮਿਤੀ 8.11.2011 ਤੋਂ 9.11.2011 ਤੱਕ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼ 3ਬੀ 1 ਮੋਹਾਲੀ ਵਿਖੇ ਹੋਵੇਗੀ।** ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਕਾਊਂਸਲਿੰਗ ਸਮੇਂ ਐਪਲੀਕੇਸਨ/ਰਜਿਸਟ੍ਰੇਸਨ ਫਾਰਮ ਅਤੇ ਬੈਂਕ ਡਰਾਫਟ ਦੇ ਨਾਲ-2 ਆਪਣੇ ਸਾਰੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ (ਮੂਲ ਰੂਪ ਵਿੱਚ ਅਤੇ ਤਸਦੀਕ -ਸ਼ੁਦਾ ਕਾਪੀਆਂ), ਪੰਜਾਬ/ਚੰਡੀਗੜ ਦਾ ਰਿਹਾਇਸ਼ ਸੰਬੰਧੀ ਸਰਟੀਫਿਕੇਟ, ਰਾਖਵੀਂਆਂ ਸ਼੍ਰੇਣੀਆਂ ਲਈ ਢੁਕਵਾਂ/ਲੋੜੀਂਦਾ ਸਰਟੀਫਿਕੇਟ ਅਤੇ ਦੋ ਫੋਟੋਆਂ ਲੈਕੇ ਆਉਣ।

iii) ਕਾਊਸਲਿੰਗ ਵਿਚ ਸ਼ਾਮਿਲ ਹੋਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ/ਡੀ.ਏ ਨਹੀ ਮਿਲੇਗਾ।

11. ਕਾਊਂਸਲਿੰਗ ਦੀਆਂ ਮਿਤੀਆਂ ਤੋਂ ਬਾਅਦ ਕਿਸੇ ਉਮੀਦਵਾਰ ਦਾ ਕਾਊਂਸਲਿੰਗ ਲਈ ਕਲੇਮ ਨਹੀਂ ਵਿਚਾਰਿਆ ਜਾਵੇਗਾ।

12. ਕੇਵਲ ਕਾਊਂਸਲਿੰਗ ਅਟੈਂਡ ਕਰਨ ਨਾਲ ਕਿਸੇ ਉਮੀਦਵਾਰ ਦਾ ਨਿਯੁਕਤੀ ਲਈ ਹੱਕ ਨਹੀਂ ਬਣ ਜਾਵੇਗਾ ਅਤੇ ਨਿਯੁਕਤੀ ਕੇਵਲ ਮੈਰਿਟ ਦੇ ਆਧਾਰ **ਤੇ ਕੀਤੀ ਜਾਵੇਗੀ।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰਾਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ,ਚੰਡੀਗੜ੍ਹ।**